
ਕੈਨੇਡਾ 'ਚ 12 ਗੋਲੀਬਾਰੀ ਦੀਆਂ ਘਟਨਾਵਾਂ ਦੇ ਪਿੱਛੇ ਈਰਾਨ ਦਾ ਹੱਥ ਹੋਣ ਦਾ ਸ਼ੱਕ

ਨਵੀਂ ਦਿੱਲੀ, 28 ਅਕਤੂਬਰ (ਇੰਟ.)– ਕੈਨੇਡਾ ਦੇ ਟੋਰਾਂਟੋ ਸ਼ਹਿਰ 'ਚ ਸਿਆਸੀ ਮਕਸਦ ਨਾਲ ਕੀਤੀ ਗਈ ਗੋਲੀਬਾਰੀ ਦੀਆਂ ਕਰੀਬ 12 ਘਟਨਾਵਾਂ ਦੇ ਪਿੱਛੇ ਈਰਾਨੀ ਸਰਕਾਰ ਦੀ ਫੰਡਿੰਗ ਹੋਣ ਦਾ ਖਦਸ਼ਾ ਪ੍ਰਗਟਾਇਆ ਗਿਆ ਹੈ। ਸੀ. ਬੀ. ਸੀ. ਨਿਊਜ਼ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਸ਼ਹਿਰ ਵਿਚ ਸੁਪਾਰੀ ਦੇ ਕੇ ਗੋਲੀਬਾਰੀ ਕਰਵਾਉਣ ਦਾ ਇਕ ਅਜਿਹਾ ਨੈੱਟਵਰਕ ਸਰਗਰਮ ਹੋ ਸਕਦਾ ਹੈ, ਜਿਸ ਵਿਚ ਹਮਲਿਆਂ ਨੂੰ ਅੰਜਾਮ ਦੇਣ ਵਾਲੇ ਅਪਰਾਧੀਆਂ ਅਤੇ ਉਨ੍ਹਾਂ ਨੂੰ ਪੈਸੇ ਦੇਣ ਵਾਲਿਆਂ ਵਿਚਕਾਰ ਕਈ ਪੱਧਰਾਂ 'ਤੇ ਸੰਪਰਕ ਲੁਕਾਇਆ ਜਾਂਦਾ ਹੈ। ਟੋਰਾਂਟੋ ਪੁਲਸ, ਰਾਇਲ ਕੈਨੇਡੀਅਨ ਮਾਊਂਟਿਡ ਪੁਲਸ (ਆਰ. ਸੀ. ਐੱਮ. ਪੀ.) ਅਤੇ ਕੈਨੇਡਾ ਦੀ ਖੁਫੀਆ ਏਜੰਸੀ ਸੀ.ਐੱਸ.ਆਈ.ਐੱਸ. ਇਨ੍ਹਾਂ ਘਟਨਾਵਾਂ ਵਿਚ ਕਿਸੇ ਵਿਦੇਸ਼ੀ ਤਾਕਤ ਦੀ ਭੂਮਿਕਾ ਦੀ ਜਾਂਚ ਕਰ ਰਹੀਆਂ ਹਨ। ਹਾਲਾਂਕਿ, ਈਰਾਨੀ ਸਰਕਾਰ ਦੀ ਸ਼ਮੂਲੀਅਤ ਅਜੇ ਜਾਂਚ ਦਾ ਵਿਸ਼ਾ ਹੈ ਅਤੇ ਇਸ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।



ਅਮਰੀਕੀ ਕੌਂਸਲੇਟ 'ਤੇ ਗੋਲੀਬਾਰੀ ਵੀ ਜਾਂਚ ਦੇ ਘੇਰੇ 'ਚ

ਸੀ.ਬੀ.ਸੀ. ਨਿਊਜ਼ ਨੇ ਟੋਰਾਂਟੋ ਸਥਿਤ ਅਮਰੀਕੀ ਕੌਂਸਲੇਟ ਦੇ ਬਾਹਰ ਹੋਈ ਗੋਲੀਬਾਰੀ ਦੀ ਨਵੀਂ ਵੀਡੀਓ ਹਾਸਲ ਕੀਤੀ ਹੈ। ਮਾਰਚ 2026 ਵਿਚ ਹੋਈ ਇਸ ਘਟਨਾ ਨੂੰ ਲੈ ਕੇ ਅਮਰੀਕੀ ਜਾਂਚ ਏਜੰਸੀਆਂ ਨੇ ਵੀ ਕਾਰਵਾਈ ਕੀਤੀ ਹੈ। ਅਮਰੀਕਾ ਵਿਚ ਪਿਛਲੇ ਮਈ ਵਿਚ ਮੁਹੰਮਦ ਬਾਕਿਰ ਅਲ-ਸਾਦੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਦੋਸ਼ ਹੈ ਕਿ ਉਹ ਹਰਕਤ ਅਸਹਾਬ ਅਲ-ਯਮੀਨ ਅਲ-ਇਸਲਾਮੀਆ (ਐੱਚ. ਏ. ਵਾਈ. ਆਈ.) ਨਾਮਕ ਮਲੀਸ਼ੀਆ ਸੰਗਠਨ ਦਾ ਸੀਨੀਅਰ ਮੈਂਬਰ ਹੈ, ਜਿਸ ਨੂੰ ਈਰਾਨ ਦੇ ਰੈਵੋਲਿਊਸ਼ਨਰੀ ਗਾਰਡ ਦਾ ਕੰਟਰੋਲ ਪ੍ਰਾਪਤ ਦੱਸਿਆ ਜਾਂਦਾ ਹੈ। ਨਿਊਯਾਰਕ ਵਿਚ ਦਾਇਰ ਦੋਸ਼ ਪੱਤਰ ਅਨੁਸਾਰ, ਉਹ ਯੂਰਪ ਵਿਚ ਘੱਟੋ-ਘੱਟ 18 ਹਮਲਿਆਂ ਅਤੇ ਕੈਨੇਡਾ ਵਿਚ 2 ਹਮਲਿਆਂ ਦੀ ਯੋਜਨਾ ਬਣਾਉਣ ਅਤੇ ਤਾਲਮੇਲ ਵਿਚ ਸ਼ਾਮਲ ਸੀ। ਇਨ੍ਹਾਂ ਵਿਚ ਟੋਰਾਂਟੋ ਸਥਿਤ ਅਮਰੀਕੀ ਕੌਂਸਲੇਟ 'ਤੇ ਗੋਲੀਬਾਰੀ ਅਤੇ ਇਕ ਯਹੂਦੀ ਧਰਮ ਸਥਾਨ 'ਤੇ ਹਮਲਾ ਸ਼ਾਮਲ ਦੱਸਿਆ ਗਿਆ ਹੈ।

ਯਹੂਦੀ ਸੰਸਥਾਵਾਂ ਅਤੇ ਕਾਰੋਬਾਰਾਂ ਨੂੰ ਬਣਾਇਆ ਗਿਆ ਨਿਸ਼ਾਨਾ

ਜਾਂਚ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਵਿਚਾਲੇ ਇਕੋ ਜਿਹਾ ਪੈਟਰਨ ਸਾਹਮਣੇ ਆਇਆ ਹੈ। ਕਈ ਹਮਲੇ ਸ਼ਹਿਰ ਦੇ ਉਨ੍ਹਾਂ ਹੀ ਇਲਾਕਿਆਂ ਵਿਚ ਅਤੇ ਇਕੋ ਰਾਤ ਦੇ ਦੌਰਾਨ ਹੋਏ। ਇਨ੍ਹਾਂ ਵਿਚ ਸਿਆਸੀ ਟਿਕਾਣਿਆਂ ਦੇ ਨਾਲ-ਨਾਲ ਹੋਰ ਕਾਰੋਬਾਰ ਅਤੇ ਰਿਹਾਇਸ਼ੀ ਪਤੇ ਵੀ ਨਿਸ਼ਾਨੇ 'ਤੇ ਰਹੇ। ਕੁਝ ਘਟਨਾਵਾਂ ਵਿਚ ਯਹੂਦੀ ਪ੍ਰਾਰਥਨਾ ਸਥਾਨਾਂ ਅਤੇ ਯਹੂਦੀ ਕਾਰੋਬਾਰੀਆਂ ਦੇ ਅਦਾਰਿਆਂ 'ਤੇ ਹਮਲੇ, ਕੂੜਾ ਪ੍ਰਬੰਧਨ ਕੰਪਨੀ ਗ੍ਰੀਨ ਫਾਰ ਲਾਈਫ (ਜੀ.ਐੱਫ.ਐੱਲ.) ਨਾਲ ਜੁੜੇ ਨਜ਼ਦੀਕੀ ਟਿਕਾਣਿਆਂ 'ਤੇ ਗੋਲੀਬਾਰੀ ਦੇ ਆਲੇ-ਦੁਆਲੇ ਹੋਏ। ਟੋਰਾਂਟੋ ਪੁਲਸ ਅਨੁਸਾਰ, ਬੈਲਿਸਟਿਕ ਜਾਂਚ ਵਿਚ ਕੁਝ ਘਟਨਾਵਾਂ 'ਚ ਵਰਤੇ ਗਏ ਹਥਿਆਰਾਂ ਵਿਚਕਾਰ ਸਬੰਧ ਦੀ ਪੁਸ਼ਟੀ ਹੋਈ ਹੈ। ਪੁਲਸ ਅਧਿਕਾਰੀ ਜੋਅ ਮੈਥਿਊਜ਼ ਨੇ ਕਿਹਾ ਕਿ ਕੁਝ ਹਥਿਆਰਾਂ ਦੀ ਵਰਤੋਂ ਭੂ-ਸਿਆਸੀ ਨਿਸ਼ਾਨਿਆਂ ਅਤੇ ਜੀ.ਐੱਫ.ਐੱਲ. ਨਾਲ ਜੁੜੇ ਟਿਕਾਣਿਆਂ 'ਤੇ ਹੋਏ ਹਮਲਿਆਂ, ਦੋਵਾਂ ਵਿਚ ਕੀਤੀ ਗਈ।

ਐਨਕ੍ਰਿਪਟਡ ਐਪ ਰਾਹੀਂ ਨੌਜਵਾਨਾਂ ਦੀ ਭਰਤੀ

ਜਾਂਚ ਵਿਚ ਕਈ ਦੋਸ਼ੀਆਂ ਦੀ ਉਮਰ 15 ਸਾਲ ਤੋਂ ਲੈ ਕੇ 20 ਸਾਲ ਦੇ ਸ਼ੁਰੂਆਤੀ ਪੜਾਅ ਤੱਕ ਪਾਈ ਗਈ ਹੈ। ਇਨ੍ਹਾਂ 'ਚੋਂ ਕੁਝ 'ਤੇ ਕਈ ਹਮਲਿਆਂ ਵਿਚ ਸ਼ਾਮਲ ਹੋਣ ਦੇ ਦੋਸ਼ ਹਨ। ਅਧਿਕਾਰੀਆਂ ਮੁਤਾਬਕ, ਅਪਰਾਧੀ ਐਨਕ੍ਰਿਪਟਡ ਮੈਸੇਜਿੰਗ ਐਪ ਅਤੇ ਵਿਚੋਲਿਆਂ ਰਾਹੀਂ ਸ਼ੂਟਰਾਂ ਦੀ ਭਰਤੀ ਕਰ ਸਕਦੇ ਹਨ।

ਇਸ ਨਾਲ ਹਮਲੇ ਦਾ ਹੁਕਮ ਦੇਣ ਵਾਲੇ ਵਿਅਕਤੀ ਅਤੇ ਗੋਲੀ ਚਲਾਉਣ ਵਾਲੇ ਅਪਰਾਧੀ ਵਿਚਕਾਰ ਸਿੱਧਾ ਸੰਪਰਕ ਸਾਬਤ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸੁਰੱਖਿਆ ਮਾਹਰ ਕੀਰ ਜਾਇਲਸ ਅਨੁਸਾਰ, ਇੰਟਰਨੈੱਟ ਅਤੇ ਐਨਕ੍ਰਿਪਟਡ ਸੰਚਾਰ ਮਾਧਿਅਮਾਂ ਨੇ ਅਜਿਹੇ ਨੈੱਟਵਰਕ ਦਾ ਵਿਸਥਾਰ ਕਰਨਾ ਆਸਾਨ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰੂਸ ਵੀ ਯੂਕ੍ਰੇਨ 'ਤੇ ਹਮਲੇ ਤੋਂ ਬਾਅਦ ਯੂਰਪ ਵਿਚ ਅਸਥਿਰਤਾ ਫੈਲਾਉਣ ਲਈ ਇਸ ਤਰ੍ਹਾਂ ਦੇ ਤਰੀਕਿਆਂ ਦੀ ਵਰਤੋਂ ਕਰਦਾ ਰਿਹਾ ਹੈ।

ਕਈ ਦੇਸ਼ਾਂ 'ਚ ਈਰਾਨ 'ਤੇ ਲੱਗੇ ਹਨ ਦੋਸ਼

ਜੂਨ ਵਿਚ ਕੈਨੇਡਾ ਸਮੇਤ 21 ਦੇਸ਼ਾਂ ਨੇ ਸਾਂਝਾ ਬਿਆਨ ਜਾਰੀ ਕਰ ਕੇ ਯੂਰਪ, ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਵਿਚ ਈਰਾਨ ਦੀਆਂ ਕਥਿਤ ਹਿੰਸਕ ਸਾਜ਼ਿਸ਼ਾਂ ਦੀ ਨਿੰਦਾ ਕੀਤੀ ਸੀ। ਈਰਾਨੀ ਵਿਦੇਸ਼ ਮੰਤਰਾਲੇ ਤੋਂ ਟੋਰਾਂਟੋ ਦੀਆਂ ਘਟਨਾਵਾਂ ਵਿਚ ਤਹਿਰਾਨ ਦੀ ਕਥਿਤ ਭੂਮਿਕਾ 'ਤੇ ਪ੍ਰਤੀਕਿਰਿਆ ਮੰਗੀ ਗਈ, ਪਰ ਕੋਈ ਜਵਾਬ ਨਹੀਂ ਮਿਲਿਆ। ਈਰਾਨ ਪਹਿਲਾਂ ਵੀ ਦੁਨੀਆ ਭਰ ਵਿਚ ਹਿੰਸਾ ਨੂੰ ਸਪਾਂਸਰ ਕਰਨ ਦੇ ਦੋਸ਼ਾਂ ਨੂੰ ਖਾਰਜ ਕਰਦਾ ਰਿਹਾ ਹੈ। ਟੋਰਾਂਟੋ ਦੇ ਇਕ ਯਹੂਦੀ ਧਾਰਮਿਕ ਆਗੂ ਡੈਨੀਅਲ ਕੋਰੋਬਕਿਨ ਨੇ ਕਿਹਾ ਕਿ ਗੋਲੀਬਾਰੀ ਨਾਲ ਭਾਈਚਾਰੇ ਵਿਚ ਗੁੱਸਾ ਅਤੇ ਨਿਰਾਸ਼ਾ ਹੈ ਪਰ ਲੋਕ ਡਰ ਕੇ ਧਾਰਮਿਕ ਗਤੀਵਿਧੀਆਂ ਬੰਦ ਨਹੀਂ ਕਰਨਗੇ।

ਸੁਡਾਨ ਦੇ ਬਾਜ਼ਾਰ 'ਤੇ ਫੌਜ ਦੇ ਡਰੋਨ ਹਮਲੇ 'ਚ 100 ਤੋਂ ਵੱਧ ਲੋਕਾਂ ਦੀ ਮੌਤ

ਸ਼ੈਂਡੀ, 28 ਅਕਤੂਬਰ (ਏਜੰਸੀ)– ਦੱਖਣ-ਪੱਛਮੀ ਸੁਡਾਨ ਦੇ 'ਸਾਊਥ ਦਾਰਫੁਰ' ਸੂਬੇ ਦੀ ਰਾਜਧਾਨੀ ਨਿਆਲਾ ਵਿਚ ਭੀੜ-ਭਾੜ ਵਾਲੇ ਇਕ ਬਾਜ਼ਾਰ 'ਤੇ ਸੁਡਾਨੀ ਫੌਜ ਦੇ ਡਰੋਨ ਹਮਲੇ ਵਿਚ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ।

ਦੇਸ਼ ਵਿਚ ਹਿੰਸਾ 'ਤੇ ਨਜ਼ਰ ਰੱਖਣ ਵਾਲੇ ਮਨੁੱਖੀ-ਅਧਿਕਾਰ ਸਮੂਹ 'ਐਮਰਜੈਂਸੀ ਲਾਇਰਜ਼' ਨੇ ਮੰਗਲਵਾਰ ਨੂੰ ਇਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ। ਮਨੁੱਖੀ-ਅਧਿਕਾਰ ਸੰਗਠਨ ਨੇ ਦੱਸਿਆ ਕਿ ਹਮਲਾ ਸੋਮਵਾਰ ਸ਼ਾਮ ਨੂੰ ਹੋਇਆ, ਜਿਸ ਵਿਚ 113 ਲੋਕ ਜ਼ਖਮੀ ਵੀ ਹੋਏ।

'ਐਮਰਜੈਂਸੀ ਲਾਇਰਜ਼' ਨੇ ਦੱਸਿਆ ਕਿ ਮਾਰੇ ਗਏ ਅਤੇ ਜ਼ਖਮੀ ਹੋਏ ਲੋਕਾਂ ਵਿਚ ਕਈ ਔਰਤਾਂ ਅਤੇ ਬੱਚੇ ਸ਼ਾਮਲ ਸਨ। ਸੰਗਠਨ ਨੇ ਬਾਜ਼ਾਰ 'ਤੇ ਹੋਏ ਇਸ ਹਮਲੇ ਲਈ ਸੁਡਾਨੀ ਫੌਜ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਇਸ ਦੀ ਨਿੰਦਾ ਕੀਤੀ।

ਸੰਗਠਨ ਨੇ ਘਟਨਾ ਦੀ ਸੁਤੰਤਰ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ। ਇਸ ਤੋਂ ਪਹਿਲਾਂ 'ਡਾਕਟਰਜ਼ ਵਿਦਆਊਟ ਬਾਰਡਰਜ਼' ਨੇ ਕਿਹਾ ਸੀ ਕਿ ਨਿਆਲਾ ਸਥਿਤ ਉਸ ਦੇ ਹਸਪਤਾਲ ਵਿਚ 36 ਲਾਸ਼ਾਂ ਲਿਆਂਦੀਆਂ ਗਈਆਂ ਹਨ ਅਤੇ ਐਮਰਜੈਂਸੀ ਰੂਮ 'ਚ 150 ਜ਼ਖਮੀਆਂ ਨੂੰ ਦੇਖਿਆ ਗਿਆ।

ਸਰਬੀਆ 'ਚ ਇਜ਼ਰਾਈਲੀ ਦੂਤਘਰ ਦੇ ਬਾਹਰ ਗਾਰਡ 'ਤੇ ਚਾਕੂ ਨਾਲ ਹਮਲਾ



ਬੇਲਗ੍ਰਾਦ, 28 ਅਕਤੂਬਰ (ਏਜੰਸੀ)-ਸਰਬੀਆ ਦੀ ਪੁਲਸ ਨੇ ਬੁੱਧਵਾਰ ਨੂੰ ਦੱਸਿਆ ਕਿ ਬੇਲਗ੍ਰਾਦ ਵਿਚ ਇਜ਼ਰਾਈਲ ਦੇ ਦੂਤਘਰ ਦੇ ਬਾਹਰ ਇਕ ਅਣਪਛਾਤੇ ਹਮਲਾਵਰ ਨੇ ਚਾਕੂ ਨਾਲ ਇਕ ਸੁਰੱਖਿਆ ਮੁਲਾਜ਼ਮ 'ਤੇ ਹਮਲਾ ਕੀਤਾ। ਹਮਲਾਵਰ ਦੀ ਅੱਧੀ ਰਾਤ ਤੋਂ ਬਾਅਦ ਪੁਲਸ ਦੀ ਕਾਰਵਾਈ 'ਚ ਮੌਤ ਹੋ ਗਈ। ਗ੍ਰਹਿ ਮੰਤਰੀ ਇਵਿਕਾ ਡਾਸਿਸ ਨੇ ਕਿਹਾ ਕਿ ਪੁਲਸ ਇਸ ਘਟਨਾ ਨੂੰ 'ਅੱਤਵਾਦੀ ਹਮਲਾ' ਮੰਨ ਕੇ ਜਾਂਚ ਕਰ ਰਹੀ ਹੈ। ਇਸ ਦੇ ਨਾਲ ਹੀ ਅੱਤਵਾਦੀ ਖਤਰੇ ਦੇ ਪੱਧਰ ਨੂੰ ਵਧਾ ਕੇ ਸਰਵਉੱਚ ਪੱਧਰ 'ਤੇ ਕਰ ਦਿੱਤਾ ਗਿਆ ਹੈ ਅਤੇ ਪ੍ਰਮੁੱਖ ਸਥਾਨਾਂ 'ਤੇ ਪੁਲਸ ਦੀ ਤਾਇਨਾਤੀ ਵਧਾ ਦਿੱਤੀ ਗਈ ਹੈ। ਡਾਸਿਸ ਨੇ ਕਿਹਾ, "ਇਕ ਨਾਬਾਲਗ, ਜਿਸ ਦੀ ਪਛਾਣ ਹੁਣ ਤੱਕ ਨਹੀਂ ਹੋ ਸਕੀ ਹੈ... ਨੇ ਅੱਲ੍ਹਾ-ਹੂ-ਅਕਬਰ ਦਾ ਨਾਅਰਾ ਲਾਉਂਦੇ ਹੋਏ ਜੈਂਡਰਮੇਰੀ ਦੇ ਇਕ ਮੈਂਬਰ 'ਤੇ ਦੋ ਚਾਕੂਆਂ ਨਾਲ ਹਮਲਾ ਕਰ ਦਿੱਤਾ।"

ਉਨ੍ਹਾਂ ਦੱਸਿਆ ਕਿ ਪੁਲਸ ਅਧਿਕਾਰੀ ਨੇ ਆਤਮ-ਰੱਖਿਆ ਵਿਚ ਹਮਲਾਵਰ ਨੂੰ ਮਾਰ ਦਿੱਤਾ। ਇਸ ਘਟਨਾ ਵਿਚ ਪੁਲਸ ਅਧਿਕਾਰੀ ਨੂੰ ਮਾਮੂਲੀ ਸੱਟਾਂ ਲੱਗੀਆਂ। ਡਾਸਿਸ ਨੇ ਕਿਹਾ ਕਿ ਸਰਬੀਆ ਦੀਆਂ ਸੁਰੱਖਿਆ ਏਜੰਸੀਆਂ ਹਮਲਾਵਰ 'ਤੇ ਨਜ਼ਰ ਰੱਖ ਰਹੀਆਂ ਸਨ। ਉਨ੍ਹਾਂ ਦੇ ਮੁਤਾਬਕ, ਉਹ ਇਸਲਾਮਿਕ ਸਟੇਟ (ਆਈ.ਐੱਸ.) ਅੱਤਵਾਦੀ ਸੰਗਠਨ ਦਾ ਸਮਰਥਕ ਸੀ। ਗ੍ਰਹਿ ਮੰਤਰੀ ਨੇ ਕਿਹਾ ਕਿ ਹਮਲਾਵਰ ਨੇ ਆਪਣੇ ਇੰਸਟਾਗ੍ਰਾਮ ਖਾਤੇ 'ਤੇ ਇਸਲਾਮਿਕ ਸਟੇਟ ਦੇ ਸਮਰਥਨ ਵਿਚ ਕਾਲਾ ਝੰਡਾ ਲਾ ਰੱਖਿਆ ਸੀ। ਇਹ ਹਮਲਾ ਬੁੱਧਵਾਰ ਨੂੰ ਹੋਇਆ ਜਦਕਿ ਸਰਬੀਆ ਵਿਚ ਐਤਵਾਰ ਨੂੰ ਮਹੱਤਵਪੂਰਨ ਮੱਧਕਾਲੀ ਸੰਸਦੀ ਚੋਣਾਂ ਹੋਈਆਂ ਹਨ।

ਦੁਨੀਆ ਘੁੰਮਣ ਨਿਕਲੇ ਅਮਰੀਕੀ ਕਰੂਜ਼ ਦੀ ਯਾਤਰਾ ਮਹਿੰਗੇ ਈਂਧਨ ਕਾਰਨ ਵਿਚਾਲੇ ਰੁਕੀ



ਸਿਹਾਨੋਕਵਿਲੇ, 28 ਅਕਤੂਬਰ (ਏਜੰਸੀ)–ਦੁਨੀਆ ਭਰ ਦੀ ਯਾਤਰਾ 'ਤੇ ਨਿਕਲੇ ਇਕ ਅਮਰੀਕੀ ਕਰੂਜ਼ ਜਹਾਜ਼ ਨੇ ਈਂਧਨ ਦੀਆਂ ਵਧਦੀਆਂ ਕੀਮਤਾਂ ਕਾਰਨ ਤਿੰਨ ਸਾਲ ਦੀ ਆਪਣੀ ਯਾਤਰਾ ਕੰਬੋਡੀਆ 'ਚ ਰੋਕ ਦਿੱਤੀ ਹੈ, ਜਿਸ ਨਾਲ ਸੈਂਕੜੇ ਯਾਤਰੀ ਫਸ ਗਏ ਹਨ। ਇਸ ਜਹਾਜ਼ ਦੇ ਕੈਬਿਨ 'ਤੈਰਦੇ ਘਰਾਂ' ਵਜੋਂ ਪੇਸ਼ ਕੀਤੇ ਜਾਂਦੇ ਸਨ। ਦੋ ਸਾਲ ਪਹਿਲਾਂ 'ਐੱਮ. ਵੀ. ਓਡੀਸੀ' ਸੱਤ ਮਹਾਦੀਪਾਂ ਦੀ ਯਾਤਰਾ ਲਈ ਰਵਾਨਾ ਹੋਇਆ ਸੀ। ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਸੀ ਕਿ ਇਸ 'ਚ ਸਮੁੰਦਰ 'ਤੇ ਲੰਮੇ ਸਮੇਂ ਤੱਕ ਰਹਿਣ ਅਤੇ ਦੁਨੀਆ ਭਰ ਦੀ ਯਾਤਰਾ ਕਰਨ, ਦੋਵਾਂ ਦਾ ਤਜ਼ਰਬਾ ਮਿਲੇਗਾ।

ਇਸ ਦੇ ਸੰਚਾਲਕ ਨੇ 'ਓਡੀਸੀ ਨੂੰ ਤੁਹਾਡਾ ਸਥਾਈ ਘਰ' ਬਣਾਉਣ ਦਾ ਪ੍ਰਸਤਾਵ ਦਿੱਤਾ ਸੀ, ਜਿਸ 'ਚ ਜਹਾਜ਼ ਦੇ ਪੂਰੇ ਜੀਵਨਕਾਲ ਲਈ ਇਕ 'ਸੂਟ' ਖਰੀਦਣ ਦੀ ਕੀਮਤ ਲੱਗਭਗ 2,30,000 ਅਮਰੀਕੀ ਡਾਲਰ ਤੋਂ ਸ਼ੁਰੂ ਹੋਈ। ਫਿਲਹਾਲ, ਇਹ ਥਾਈਲੈਂਡ ਦੀ ਖਾੜੀ 'ਚ ਸਥਿਤ ਕੰਬੋਡੀਆ ਦੇ ਸਿਹਾਨੋਕਵਿਲੇ ਬੰਦਰਗਾਹ 'ਤੇ ਖੜ੍ਹਾ ਹੈ ਅਤੇ ਇਸ ਦੇ ਰਵਾਨਾ ਹੋਣ ਦੀ ਕੋਈ ਨਿਸ਼ਚਿਤ ਤਰੀਕ ਨਹੀਂ ਹੈ। ਕੰਬੋਡੀਆ ਦੇ ਅਧਿਕਾਰੀਆਂ ਅਨੁਸਾਰ, ਇਸ ਜਹਾਜ਼ 'ਚ 203 ਯਾਤਰੀ (ਜਿਨ੍ਹਾਂ 'ਚੋਂ ਜ਼ਿਆਦਾਤਰ ਅਮਰੀਕੀ ਹਨ) ਅਤੇ ਚਾਲਕ ਦਲ ਦੇ 156 ਮੈਂਬਰ ਸਵਾਰ ਹਨ।

ਇਸ ਦੀ ਸਮਰੱਥਾ 650 ਯਾਤਰੀਆਂ ਦੀ ਹੈ। ਫਲੋਰੀਡਾ ਆਧਾਰਿਤ ਇਸ ਦੀ ਸੰਚਾਲਕ ਕੰਪਨੀ 'ਵਿਲਾ ਵੀ ਰੈਜ਼ੀਡੈਂਸ' ਨੇ ਦੱਸਿਆ ਕਿ ਈਰਾਨ 'ਚ ਜਾਰੀ ਜੰਗ ਕਾਰਨ ਏਸ਼ੀਆ ਦੇ ਕੁਝ ਹਿੱਸਿਆਂ 'ਚ ਪ੍ਰਤੀ ਕੈਬਿਨ ਮਹੀਨਾ ਈਂਧਨ ਦਾ ਖਰਚ - ਜੋ ਪਹਿਲਾਂ ਔਸਤਨ 1,800 ਅਮਰੀਕੀ ਡਾਲਰ ਹੋਇਆ ਕਰਦਾ ਸੀ , ਹੁਣ ਵਧ ਕੇ ਅਨੁਮਾਨਿਤ 6,000 ਤੋਂ 8,000 ਅਮਰੀਕੀ ਡਾਲਰ ਤੱਕ ਪਹੁੰਚ ਗਿਆ ਹੈ।

ਇਸਲਾਮੀ ਕੱਟੜਪੰਥੀਆਂ ਦੇ ਹਮਲੇ 'ਚ ਸੋਮਾਲੀਆ ਦੇ 20 ਫੌਜੀਆਂ ਦੀ ਮੌਤ

ਮੋਗਾਦਿਸ਼ੂ, 28 ਅਕਤੂਬਰ (ਏਜੰਸੀ)–ਇਸਲਾਮੀ ਕੱਟੜਪੰਥੀਆਂ ਵੱਲੋਂ ਘਾਤ ਲਾ ਕੇ ਕੀਤੇ ਗਏ ਇਕ ਹਮਲੇ 'ਚ 20 ਸੋਮਾਲੀ ਫੌਜੀਆਂ ਦੀ ਮੌਤ ਹੋ ਗਈ। ਇਸ ਹਮਲੇ ਵਿਚ ਜਿਊਂਦੇ ਬਚੇ ਇਕ ਫੌਜੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।

ਸਰਕਾਰ ਨੇ ਆਪਣੀਆਂ ਫੌਜੀ ਗੱਡੀਆਂ ਨੂੰ ਨੁਕਸਾਨ ਪਹੁੰਚਣ ਦੀ ਗੱਲ ਮੰਨੀ ਹੈ ਪਰ ਫੌਜੀਆਂ ਦੇ ਮਾਰੇ ਜਾਣ ਜਾਂ ਜ਼ਖਮੀ ਹੋਣ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਹੈ। ਲੱਗਭਗ ਦੋ ਦਹਾਕਿਆਂ ਤੋਂ ਸੋਮਾਲੀਆ ਦੀ ਸਰਕਾਰ ਖਿਲਾਫ ਲੜ ਰਹੇ ਅਲ-ਕਾਇਦਾ ਨਾਲ ਜੁੜੇ ਅਲ-ਸ਼ਬਾਬ ਅੱਤਵਾਦੀ ਸਮੂਹ ਨੇ ਦੱਖਣੀ ਸੋਮਾਲੀਆ ਦੇ ਜਾਮੀਕਾ ਪਿੰਡ ਦੇ ਕੋਲ ਸੋਮਵਾਰ ਨੂੰ ਹੋਏ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਸੋਮਾਲੀਆ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਘੰਟਿਆਂ ਬੱਧੀ ਚੱਲੀ ਇਸ ਲੜਾਈ ਦੌਰਾਨ ਉਸ ਦੀ ਫੌਜ ਨੇ ਲੱਗਭਗ 75 ਕੱਟੜਪੰਥੀਆਂ ਨੂੰ ਮਾਰ ਦਿੱਤਾ ਅਤੇ 56 ਹੋਰਾਂ ਨੂੰ ਜ਼ਖਮੀ ਕਰ ਦਿੱਤਾ। ਉੱਥੇ ਹੀ, ਅਲ-ਸ਼ਬਾਬ ਨੇ ਦਾਅਵਾ ਕੀਤਾ ਕਿ ਉਸ ਨੇ 321 ਫੌਜੀਆਂ ਨੂੰ ਮਾਰ ਦਿੱਤਾ ਅਤੇ ਕਈ ਫੌਜੀਆਂ ਨੂੰ ਬੰਧਕ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੇ ਫੌਜੀ ਉਪਕਰਨ ਵੀ ਜ਼ਬਤ ਕਰ ਲਏ।

ਪਾਕਿ ਨੂੰ ਲੈ ਕੇ ਭਾਰਤ ਦੀ ਨੀਤੀ 'ਚ ਕੋਈ ਬਦਲਾਅ ਨਹੀਂ : ਵਿਦੇਸ਼ ਮੰਤਰਾਲਾ

ਨਵੀਂ ਦਿੱਲੀ, 28 ਅਕਤੂਬਰ (ਏਜੰਸੀ)– ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਪਾਕਿਸਤਾਨ ਨੂੰ ਲੈ ਕੇ ਉਸ ਦੀ ਨੀਤੀ 'ਚ ਕੋਈ ਬਦਲਾਅ ਨਹੀਂ ਆਇਆ ਹੈ।

ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਬੁੱਧਵਾਰ ਨੂੰ ਇੱਥੇ ਮੀਡੀਆ ਬ੍ਰੀਫਿੰਗ 'ਚ ਇਸ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਸਪੱਸ਼ਟ ਤੌਰ 'ਤੇ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ ਲੈ ਕੇ ਇਕ ਸਖ਼ਤ ਨੀਤੀ ਬਣਾਈ ਸੀ। ਇਹ ਨੀਤੀ ਪਹਿਲਾਂ ਦੀ ਤਰ੍ਹਾਂ ਬਰਕਰਾਰ ਹੈ ਅਤੇ ਇਸ 'ਚ ਕੋਈ ਬਦਲਾਅ ਨਹੀਂ ਆਇਆ ਹੈ।

ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਬਦਲਦੇ ਗਲੋਬਲ ਹਾਲਾਤ ਅਤੇ ਆਗਾਮੀ ਅੰਤਰਰਾਸ਼ਟਰੀ ਮੀਟਿੰਗਾਂ ਨੂੰ ਦੇਖਦੇ ਹੋਏ ਕੀ ਭਾਰਤ ਪਾਕਿਸਤਾਨ ਬਾਰੇ ਆਪਣੀ ਨੀਤੀ 'ਚ ਕੁਝ ਬਦਲਾਅ ਕਰਨ 'ਤੇ ਵਿਚਾਰ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦਾ ਦ੍ਰਿੜ੍ਹ ਰੁਖ ਰਿਹਾ ਹੈ ਕਿ ਜਦੋਂ ਤੱਕ ਪਾਕਿਸਤਾਨ ਅੱਤਵਾਦ ਦਾ ਸਮਰਥਨ ਕਰਨਾ ਬੰਦ ਨਹੀਂ ਕਰਦਾ ਹੈ, ਉਸ ਦੇ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਨਹੀਂ ਕੀਤੀ ਜਾਵੇਗੀ।

ਪੰਜਾਬ ਪੁਲਸ ਵੱਲੋਂ 587 ਥਾਈਂ ਛਾਪੇਮਾਰੀ ; 235 ਕਾਬੂ

ਚੰਡੀਗੜ੍ਹ, 28 ਅਕਤੂਬਰ (ਅੰਕੁਰ)–ਸੂਬੇ 'ਚ ਚੱਲ ਰਹੀ ਮੁਹਿੰਮ 'ਗੈਂਗਸਟਰਾਂ 'ਤੇ ਵਾਰ' ਦੇ 281ਵੇਂ ਦਿਨ ਪੰਜਾਬ ਪੁਲਸ ਨੇ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੇ 587 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। 281ਵੇਂ ਦਿਨ ਪੁਲਸ ਟੀਮਾਂ ਨੇ ਪੰਜ ਹਥਿਆਰਾਂ ਸਮੇਤ 235 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ।

ਇਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 81,311 ਹੋ ਗਈ ਹੈ। ਇਸ ਤੋਂ ਇਲਾਵਾ 209 ਵਿਅਕਤੀਆਂ ਵਿਰੁੱਧ ਅਹਿਤਿਆਤੀ ਕਾਰਵਾਈ ਕੀਤੀ ਗਈ ਹੈ। ਪੁਲਸ ਟੀਮਾਂ ਨੇ ਕਾਰਵਾਈ ਦੌਰਾਨ 9 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਇਸ ਦੌਰਾਨ ਪੁਲਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ 606ਵੇਂ ਦਿਨ ਵੀ ਜਾਰੀ ਰੱਖਦਿਆਂ 147 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਦੇ ਕਬਜ਼ੇ 'ਚੋਂ 20.2 ਕਿੱਲੋ ਹੈਰੋਇਨ, 565 ਨਸ਼ੀਲੀਆਂ ਗੋਲੀਆਂ ਤੇ 6550 ਰੁਪਏ ਡਰੱਗ ਮਨੀ ਬਰਾਮਦ ਕੀਤੀ।

ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

ਚੰਡੀਗੜ੍ਹ/ਜਲੰਧਰ, 28 ਅਕਤੂਬਰ (ਅੰਕੁਰ, ਧਵਨ)– ਆਗਾਮੀ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੀ ਵਿਆਪਕ ਸਮੀਖਿਆ ਦੇ ਦੂਜੇ ਦਿਨ ਭਾਰਤ ਚੋਣ ਕਮਿਸ਼ਨ ਦੇ ਵਫ਼ਦ ਨੇ ਜ਼ਿਲਾ ਪੱਧਰ 'ਤੇ ਤਿਆਰੀਆਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ। ਇਸ ਵਫ਼ਦ 'ਚ ਸੀਨੀਅਰ ਉਪ-ਚੋਣ ਕਮਿਸ਼ਨਰ ਪਵਨ ਕੁਮਾਰ ਸ਼ਰਮਾ, ਉਪ-ਚੋਣ ਕਮਿਸ਼ਨਰ ਭਾਨੂ ਪ੍ਰਕਾਸ਼ ਯੇਤੂਰੂ, ਡਾਇਰੈਕਟਰ ਜਨਰਲ (ਆਈ. ਟੀ.) ਸੀਮਾ ਖੰਨਾ ਅਤੇ ਡਾਇਰੈਕਟਰ ਜਨਰਲ (ਮੀਡੀਆ) ਆਸ਼ੀਸ਼ ਗੋਇਲ ਸ਼ਾਮਲ ਸਨ।

ਵਫ਼ਦ ਨੇ ਸਾਰੇ 23 ਜ਼ਿਲਾ ਚੋਣ ਅਫ਼ਸਰਾਂ, ਪੁਲਸ ਕਮਿਸ਼ਨਰਾਂ ਅਤੇ ਐੱਸ. ਐੱਸ. ਪੀਜ਼ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ ਅਫ਼ਸਰਾਂ ਨੇ ਆਪਣੇ-ਆਪਣੇ ਜ਼ਿਲਿਆਂ 'ਚ ਕੀਤੀਆਂ ਗਈਆਂ ਤਿਆਰੀਆਂ ਦੀ ਸਥਿਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਅਫ਼ਸਰਾਂ ਨੇ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ, ਸਾਰੀਆਂ ਪ੍ਰਕਿਰਿਆਵਾਂ 'ਚ ਪਾਰਦਰਸ਼ਤਾ ਬਣਾਈ ਰੱਖਣ, ਚੋਣਾਂ ਤੋਂ ਪਹਿਲਾਂ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਸਮੇਂ ਸਿਰ ਪੂਰਾ ਕਰਨ ਅਤੇ ਨਿਰਦੇਸ਼ਾਂ ਦੇ ਪ੍ਰਭਾਵਸ਼ਾਲੀ ਅਮਲ ਲਈ ਮਜ਼ਬੂਤ ਪ੍ਰਬੰਧ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ।


ਬਲੋਚਿਸਤਾਨ 'ਚ 9 ਕੱਟੜਪੰਥੀ ਢੇਰ

ਕਰਾਚੀ, 28 ਅਕਤੂਬਰ (ਏਜੰਸੀ)– ਪਾਕਿਸਤਾਨ ਦੀ ਫੌਜ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਅਸ਼ਾਂਤ ਬਲੋਚਿਸਤਾਨ ਸੂਬੇ ਵਿਚ ਸੁਰੱਖਿਆ ਫੋਰਸਾਂ ਵੱਲੋਂ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਚਲਾਈਆਂ ਗਈਆਂ ਮੁਹਿੰਮਾਂ 'ਚ 9 ਕੱਟੜਪੰਥੀਆਂ ਦੀ ਮੌਤ ਹੋ ਗਈ।

ਫੌਜ ਨੇ ਇਕ ਬਿਆਨ 'ਚ ਕਿਹਾ ਕਿ 26 ਅਕਤੂਬਰ ਨੂੰ ਸੁਰੱਖਿਆ ਫੋਰਸਾਂ ਨੇ ਬਲੋਚ ਕੱਟੜਪੰਥੀ ਸੰਗਠਨਾਂ ਨਾਲ ਜੁੜੇ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਕੱਛ ਅਤੇ ਵਾਧ ਜ਼ਿਲਿਆਂ 'ਚ ਮੁਹਿੰਮਾਂ ਚਲਾਈਆਂ।

ਫੌਜ ਦੇ ਅਨੁਸਾਰ, ਕੱਛ ਵਿਚ ਇਕ ਅੱਤਵਾਦੀ ਟਿਕਾਣੇ ਨੂੰ ਤਬਾਹ ਕਰ ਦਿੱਤਾ ਗਿਆ ਅਤੇ ਗੋਲੀਬਾਰੀ ਵਿਚ 7 ਕੱਟੜਪੰਥੀ ਮਾਰੇ ਗਏ। ਮਾਰੇ ਗਏ ਕੱਟੜਪੰਥੀਆਂ ਕੋਲੋਂ ਹਥਿਆਰ ਅਤੇ ਗੋਲਾ-ਬਾਰੂਦ ਵੀ ਬਰਾਮਦ ਕੀਤਾ ਗਿਆ। ਫੌਜ ਨੇ ਦੱਸਿਆ ਕਿ ਵਾਧ ਵਿਚ ਸੁਰੱਖਿਆ ਫੋਰਸਾਂ ਨੇ ਕੱਟੜਪੰਥੀਆਂ ਦੀਆਂ ਗਤੀਵਿਧੀਆਂ ਦਾ ਪਤਾ ਲਾ ਕੇ ਉਨ੍ਹਾਂ ਨੂੰ ਨਾਕਾਮ ਕਰਨ ਦੀ ਕਾਰਵਾਈ ਕੀਤੀ। ਇਸ ਦੌਰਾਨ ਹੋਈ ਗੋਲੀਬਾਰੀ ਵਿਚ 2 ਕੱਟੜਪੰਥੀ ਮਾਰੇ ਗਏ।

ਖੈਬਰ ਪਖਤੂਨਖਵਾ ਦੇ ਸਾਬਕਾ ਮੁੱਖ ਮੰਤਰੀ ਅਫਰੀਦੀ ਖਿਲਾਫ ਗ੍ਰਿਫ਼ਤਾਰੀ ਵਾਰੰਟ ਜਾਰੀ



ਪਿਸ਼ਾਵਰ-ਪਾਕਿਸਤਾਨ ਦੀ ਇਕ ਅੱਤਵਾਦ-ਵਿਰੋਧੀ ਅਦਾਲਤ ਨੇ ਬੁੱਧਵਾਰ ਨੂੰ ਖੈਬਰ ਪਖਤੂਨਖਵਾ ਦੇ ਸਾਬਕਾ ਮੁੱਖ ਮੰਤਰੀ ਸੋਹੇਲ ਅਫਰੀਦੀ ਖਿਲਾਫ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ।

ਇਹ ਵਾਰੰਟ ਮਈ 2023 ਵਿਚ ਪਿਸ਼ਾਵਰ 'ਚ ਰੇਡੀਓ ਪਾਕਿਸਤਾਨ ਦੀ ਇਮਾਰਤ 'ਤੇ ਹੋਏ ਹਮਲੇ ਦੇ ਸਿਲਸਿਲੇ ਵਿਚ ਜਾਰੀ ਕੀਤਾ ਗਿਆ ਹੈ। ਅਫਰੀਦੀ ਜੇਲ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ 'ਪਾਕਿਸਤਾਨ ਤਹਿਰੀਕ-ਏ-ਇਨਸਾਫ਼' (ਪੀ. ਟੀ. ਆਈ.) ਨਾਲ ਜੁੜੇ ਹਨ। ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਵੱਲੋਂ 11 ਅਕਤੂਬਰ ਨੂੰ ਖੈਬਰ ਪਖਤੂਨਖਵਾ ਵਿਚ ਐਮਰਜੈਂਸੀ ਅਤੇ ਰਾਜਪਾਲ ਸ਼ਾਸਨ ਲਾਗੂ ਕੀਤੇ ਜਾਣ ਤੋਂ ਬਾਅਦ ਅਫਰੀਦੀ ਦਾ ਮੁੱਖ ਮੰਤਰੀ ਅਹੁਦਾ ਸਮਾਪਤ ਹੋ ਗਿਆ।

ਸੰਘੀ ਸਰਕਾਰ ਨੇ ਇਸ ਕਦਮ ਦੇ ਪਿੱਛੇ ਵਿਗੜਦੀ ਸੁਰੱਖਿਆ ਸਥਿਤੀ ਅਤੇ ਅੱਤਵਾਦ ਨਾਲ ਨਜਿੱਠਣ ਵਿਚ ਸੂਬਾਈ ਸਰਕਾਰ ਦੀ ਕਥਿਤ ਨਾਕਾਮੀ ਦਾ ਹਵਾਲਾ ਦਿੱਤਾ। ਬੁੱਧਵਾਰ ਨੂੰ, ਮਈ 2023 ਦੇ ਮਾਮਲੇ ਦੀ ਸੁਣਵਾਈ ਦੌਰਾਨ, ਅੱਤਵਾਦ-ਵਿਰੋਧੀ ਅਦਾਲਤ ਦੇ ਜੱਜ ਵਲੀ ਮੁਹੰਮਦ ਨੇ ਅਫਰੀਦੀ ਅਤੇ ਉਨ੍ਹਾਂ ਦੀ ਪਾਰਟੀ ਦੇ ਚਾਰ ਸਾਥੀਆਂ ਖਿਲਾਫ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ। ਇਸ ਮਾਮਲੇ 'ਚ ਨਾਮਜ਼ਦ ਹੋਰ ਲੋਕਾਂ ਵਿਚ ਸਾਬਕਾ ਸੂਬਾਈ ਮੰਤਰੀ ਤੈਮੂਰ ਸਲੀਮ ਝਾਗਰਾ ਅਤੇ ਕਾਮਰਾਨ ਬੰਗਸ਼ ਅਤੇ ਪਾਰਟੀ ਨੇਤਾ ਇਰਫ਼ਾਨ ਸਲੀਮ ਅਤੇ ਆਮਿਰ ਖਾਨ ਚਮਕਾਨੀ ਸ਼ਾਮਲ ਹਨ।

ਆਈ. ਸੀ. ਪੀ. ਅਟਾਰੀ 'ਚ ਡਿੱਗਿਆ ਡਰੋਨ, 30 ਕਰੋੜ ਦੀ ਹੈਰੋਇਨ ਅਤੇ ਪਿਸਤੌਲ ਜ਼ਬਤ



ਬਰਾਮਦ ਹੈਰੋਇਨ ਅਤੇ ਡਰੋਨ। (ਗਾਂਧੀ)

ਅੰਮ੍ਰਿਤਸਰ, 28 ਅਕਤੂਬਰ (ਨੀਰਜ)– ਅੰਮ੍ਰਿਤਸਰ ਨਾਲ ਲੱਗਦੀ ਪਾਕਿਸਤਾਨ ਸਰਹੱਦ 'ਤੇ ਡਰੋਨ ਦੀ ਹਰਕਤ ਲਗਾਤਾਰ ਜਾਰੀ ਹੈ। ਹਾਲਾਤ ਇਹ ਹਨ ਕਿ ਪਾਕਿਸਤਾਨ ਤੋਂ ਆਇਆ ਡਰੋਨ ਆਪਣੇ ਨਿਰਧਾਰਿਤ ਨਿਸ਼ਾਨੇ ਵੱਲ ਜਾਣ ਦੀ ਬਜਾਏ ਆਈ. ਸੀ. ਪੀ. ਅਟਾਰੀ ਦੀ ਪਾਰਕਿੰਗ 'ਚ ਡਿੱਗ ਗਿਆ। ਜਿੱਥੋਂ 6 ਕਿਲੋ ਹੈਰੋਇਨ (ਜਿਸ ਦੀ ਕੀਮਤ ਲਗਭਗ 30 ਕਰੋੜ ਰੁਪਏ ਹੈ), ਇੱਕ ਪਿਸਤੌਲ ਅਤੇ ਦੋ ਖ਼ਾਲੀ ਮੈਗਜ਼ੀਨ ਜ਼ਬਤ ਕੀਤੇ ਗਏ ਹਨ। ਜਿਸ ਪਾਰਕਿੰਗ 'ਚ ਡਰੋਨ ਡਿੱਗਿਆ, ਉਹ 'ਸਿੱਧੂ ਪਾਰਕਿੰਗ' ਦੇ ਨਾਂ ਨਾਲ ਜਾਣੀ ਜਾਂਦੀ ਹੈ ਅਤੇ ਇਹ ਇੱਕ ਪ੍ਰਾਈਵੇਟ ਪਾਰਕਿੰਗ ਹੈ। ਸੁਰੱਖਿਆ ਏਜੰਸੀਆਂ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਬੀ. ਐੱਸ. ਐੱਫ. - ਏ. ਐੱਨ. ਟੀ. ਐੱਫ. ਦੇ ਸਾਂਝੇ ਆਪ੍ਰੇਸ਼ਨ 'ਚ 6 ਕਿਲੋ ਹੈਰੋਇਨ ਜ਼ਬਤ- ਅੰਮ੍ਰਿਤਸਰ ਦੇ ਸਰਹੱਦੀ ਪਿੰਡ ਕਾਹਨਗੜ੍ਹ ਦੇ ਇਲਾਕੇ 'ਚ ਬੀ. ਐੱਸ. ਐੱਫ. ਅਤੇ ਏ. ਐੱਨ. ਟੀ. ਐੱਫ. ਦੀ ਟੀਮ ਵੱਲੋਂ ਚਲਾਏ ਗਏ ਸਾਂਝੇ ਆਪ੍ਰੇਸ਼ਨ ਦੌਰਾਨ 30 ਕਰੋੜ ਰੁਪਏ ਦੀ ਕੀਮਤ ਦੀ ਹੈਰੋਇਨ ਜ਼ਬਤ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਸਾਂਝੀ ਟੀਮ ਨੇ ਲਾਵਾਰਿਸ ਪਿਆ ਇੱਕ ਵੱਡਾ ਪੈਕੇਟ ਜ਼ਬਤ ਕੀਤਾ, ਜਿਸ ਵਿਚ 6 ਕਿਲੋ ਹੈਰੋਇਨ ਦੇ ਛੋਟੇ-ਛੋਟੇ 10 ਪੈਕੇਟ ਸਨ। ਫਿਲਹਾਲ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਸੰਭਾਵਿਤ ਸਮੱਗਲਰਾਂ ਦੀ ਭਾਲ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ।

ਉੱਤਰ ਰੇਲਵੇ

ਨਿਵਿਦਾ ਸੂਚਨਾ

ਨੰਬਰ: 15-ਮੈਡ/ਸਪਲਾਈਕਰਤਾ ਰਜਿਸਟ੍ਰੇਸ਼ਨ/ਫਿਰੋਜ਼ਪੁਰ ਮਿਤੀ: 27.10.2026

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਚੀਫ ਮੈਡੀਕਲ ਸੁਪਰਿੰਟੈਂਡੈਂਟ ਉੱਤਰ ਰੇਲਵੇ, ਫਿਰੋਜ਼ਪੁਰ ਨਿਰਧਾਰਿਤ ਫਾਰਮੈਟ ਤੇ ਹੇਠਾਂ ਲਿਖਤ ਮੁਤਾਬਕ ਦਿਲਚਸਪੀ ਦਾ ਪ੍ਰਗਟਾਵਾ ਦੀ ਮੰਗ ਕੀਤੀ ਜਾਂਦੀ ਹੈ:-

1	ਕੰਮ ਦਾ ਵੇਰਵਾ	ਫਿਰੋਜ਼ਪੁਰ ਮੰਡਲ ਵਿਚ ਰੋਜ਼ਾਨਾ ਸਥਾਨਕ ਖਰੀਦ ਦੇ ਲਈ ਦਵਾਈਆਂ ਅਤੇ ਸਰਜੀਕਲ ਵਸਤੂਆਂ ਦੇ ਸਪਲਾਈਕਰਤਾ ਦੇ ਰਜਿਸਟ੍ਰੇਸ਼ਨ
2	ਮਿਆਦ	ਕੰਮ ਸ਼ੁਰੂ ਹੋਣ ਦੀ ਮਿਤੀ ਤੋਂ ਦੋ ਸਾਲ
3	ਕੰਮ ਦੀ ਅੰਦਾਜ਼ਨ ਲਾਗਤ	ਰੇਲਵੇ ਸਿਹਤ ਇਕਾਈ ਲੁਧਿਆਣਾ-3281928/- ਜਲੰਧਰ ਸਿਟੀ-1199414/- ਜਲੰਧਰ ਕੈਂਟ 282529/-
4	ਬਿਆਨਾ ਰਾਸ਼ੀ	ਰੇਲਵੇ ਸਿਹਤ ਇਕਾਈ ਲੁਧਿਆਣਾ-65640/- ਜਲੰਧਰ ਸਿਟੀ-23990/- ਜਲੰਧਰ ਕੈਂਟ 5650/-
5	ਟੈਂਡਰ ਦੀ ਆਈਆਰਈਪੀਐੱਸ ਪੋਰਟਲ ਤੇ ਅਪਲੋਡ ਕਰਨ ਦੇ ਲਈ ਅੰਤਮ ਮਿਤੀ ਤੇ ਸਮਾਂ	ਮਿਤੀ 16.11.2026 17:00 ਵਜੇ
6	ਟੈਂਡਰ ਖੁਲਣ ਦੀ ਮਿਤੀ ਤੇ ਸਮਾਂ	ਮਿਤੀ 17.11.2026 10:00 ਵਜੇ

3769/26

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਮਿਊਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ

ਟੈਂਡਰ ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਪੇਸ਼ ਕਰਨ ਦਾ ਸ਼ਡਿਊਲ (ਆਨਲਾਈਨ)	ਤਕਨੀਕੀ ਬੋਲੀ ਖੁੱਲ੍ਹਣੀ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ-ਰੋਡਜ਼ ਡਵੀਜ਼ਨ ਨੰ. 3		
1.	ਦਾਦੂਮਾਜਰਾ ਪਿੰਡ, ਚੰਡੀਗੜ੍ਹ ਵਿਖੇ ਸੰਕੁਲਨ ਸਟੇਡੀਅਮ ਦੀ ਮੁਰੰਮਤ ਤੇ ਅਪਗ੍ਰੇਡ ਕਰਨਾ। ਕੈਪੀਟਲ ਹੈੱਡ : ਐੱਸ. ਆਰ. ਬੀ. ਅੰਦਾਜ਼ਨ ਲਾਗਤ : 122.54 ਲੱਖ ਰੁਪਏ ਰਕਮ ਬਿਆਨਾ : 2,45,076 ਰੁਪਏ ਸਮਾਂ-ਹੱਦ : 6 ਮਹੀਨੇ	27.10.2026 ਤੋਂ 03.11.2026 ਦੁਪਹਿਰ 12 ਵਜੇ ਤਕ	03.11.2026 ਬਾ. ਦੁ. 1 ਵਜੇ
2.	ਪਿੰਡ ਰਾਏਪੁਰ ਕਲਾਂ, ਚੰਡੀਗੜ੍ਹ ਵਿਖੇ ਗਊਸ਼ਾਲਾ ਦੇ ਨੇੜੇ ਗਲੀਆਂ ਦੇ ਆਰਸੀ ਸੋਕ ਦਾ ਨਿਰਮਾਣ। ਕੈਪੀਟਲ ਹੈੱਡ : ਗਊਸ਼ਾਲਾ ਦਾ ਵਿਕਾਸ/ਨਿਰਮਾਣ ਅੰਦਾਜ਼ਨ ਲਾਗਤ : 231.51 ਲੱਖ ਰੁਪਏ ਰਕਮ ਬਿਆਨਾ : 4,63,040 ਰੁਪਏ ਸਮਾਂ-ਹੱਦ : 9 ਮਹੀਨੇ	28.10.2026 ਤੋਂ 04.11.2026 ਦੁਪਹਿਰ 12 ਵਜੇ ਤਕ	04.11.2026 ਬਾ. ਦੁ. 1 ਵਜੇ

ਨੋਟ : ਹੋਰ ਸਾਰੇ ਨਿਯਮ ਤੇ ਸ਼ਰਤਾਂ ਅਤੇ ਮੁਕੰਮਲ ਡੀ. ਐੱਨ. ਆਈ. ਟੀ. ਵੈੱਬਸਾਈਟ https://etenders.chd.nic.in 'ਤੇ ਅਪਲੋਡ ਕੀਤੇ ਗਏ ਹਨ।

ਕਾਰਜਕਾਰੀ ਇੰਜੀਨੀਅਰ

ਰੋਡਜ਼ ਡਵੀਜ਼ਨ ਨੰ. 3, ਕਮਰਾ ਨੰ. 311, ਐੱਮ. ਸੀ. ਚੰਡੀਗੜ੍ਹ, ਫੋਨ 0172-5021482 xenroad3.mcc@chd.nic.in

Notice inviting Bids
Punjab Waqf Board

The Punjab Waqf Board intends to lease out its following waqf properties located in Distt. Jalandhar as per the waqf Properties Lease Rules, 2014/2020 through bids to be held on 03.11.2026 at 10 am to 3pm at the premises i.e Office of Punjab Waqf Board, Dargah Imam Nasir, Jalandhar.

Sr. No.	Property Description: Location	Khasra /MC Nos.	Area	Purpose	Period	Reserve Price (Rs.)
1.	Village Malsian Tehsil Nakodhar Distt. Jalandhar	Kh. 123 Min	207 sq.yds.	Commercial	35 Months	Rs. 6000/- P.M. (Ground floor & first floor)
2.	Village Jhandu Singha Tehsil & Distt Jalandhar	Kh. 1108, 1109	1980 sq yds.	Residential	35 Months	Rs. 7200/- P.M.

E.O/ PWB/JAL. No. 5448 Dated 28/10/26

The interested persons may contact Estate Officer PWB Jalandhar at the above mentioned address; on dated 03.11.2026, Reserve price is declared as PK/PA for Agriculture purpose and Per Sq.feet/ per Sq. Yds on monthly basis for commercial and residential purpose as mentioned above, Remaining terms and conditions will be declared on the spot prior to start the bidding process.

Estate Officer, PWB, Jalandhar

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਨੰ.-198-2026-27-ADEN-I-ASR & 199-2026-27-ADEN-II-ASR ਤਾਰੀਖ਼ : 27.10.2026

ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀ ਖੁੱਲ੍ਹੀ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 18.11.2026 ਦੁਪਹਿਰ15:00 ਵਜੇ ਤਕ ਹੈ। ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੀ ਮੁਲਾਂਕਿਤਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ। ਇਸ ਨਿਵਿਦਾ ਦੇ ਵਿਰੁੱਧ ਮੈਨੂਅਲ ਪ੍ਰਸਤਾਵ ਦੀ ਇਜਾਜ਼ਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਕਿਸੇ ਕਿਸੇ ਵੀ ਮੈਨੂਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਦਾਖਲਾ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜ਼ਤ ਹੈ। ਨੈੱਟ ਬੈਂਕਿੰਗ, ਡੈਬਿਟ ਕਾਰਡ ਤੇ ਕ੍ਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਜੀਰੋਡਿਅਰ ਆਦਿ ਦੇ ਮਾਧਿਅਮ ਨਾਲ ਮੈਨੂਅਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਾਗ ਇਨ ਕਰੋ

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁੱਲ੍ਹਾ	ਕੰਮ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
27.10.2026	04.11.2026	18.11.2026 15:00 ਵਜੇ

ਲ.ਨੰ.	ਨਿਵਿਦਾ ਨੰਬਰ	ਨਿਵਿਦਾ ਦਾ ਵੇਰਵਾ			
1	198-2026-27-ADEN-I-ASR	ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਕਾਰਜ/ਫਗਵਾੜਾ/ਅੰਮ੍ਰਿਤਸਰ ਵਿਭਾਗ ਵਿਚ ਸੈਨੇਟਰੀ ਵਰਕਸ਼ਾਪ ਅੰਮ੍ਰਿਤਸਰ ਅਤੇ ਕਾਲੋਨੀ ਦੇ ਇਲਾਵਾ ਏ, ਬੀ ਤੇ ਸੀ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜ਼ੋਨ ਕੰਮ (2026-27)।			
		ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲਿਡਿਟੀ	ਸਮਾਪਤੀ ਦੀ ਮਿਆਦ
		9999994.99	200000.00	60 ਦਿਨ	12 ਮਹੀਨੇ
		ਸਮਾਨ ਨੇਚਰ ਦਾ ਕੰਮ:- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"			
2	199-2026-27-ADEN-I-ASR	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਕਾਰਜ/ਬਿਆਸ ਸੈਕਸ਼ਨ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜ਼ੋਨ ਕੰਮ (2026-27)।			
		ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲਿਡਿਟੀ	ਸਮਾਪਤੀ ਦੀ ਮਿਆਦ
		7499994.47	150000.00	60 ਦਿਨ	12 ਮਹੀਨੇ
		ਸਮਾਨ ਨੇਚਰ ਦਾ ਕੰਮ:- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"			

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਵੇਗੀ।

3763/2026

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿ. ਆਫਿਸ ਪੀ. ਐੱਸ. ਈ. ਬੀ. ਹੈੱਡ ਆਫਿਸ, ਦਿ ਮਾਲ ਪਟਿਆਲਾ-147001)
ਦਫਤਰ : ਵਧੀਕ ਨਿਗਰਾਨ ਇੰਜੀਨੀਅਰ, ਟੀ.ਐੱਸ. ਮੰਡਲ, ਲੁਧਿਆਣਾ
ਕੁਆਰਟਰ ਨੰ. 20, ਟਾਈਪ-5, ਪਾਵਰ ਕਾਲੋਨੀ-2, ਸਰਾਭਾ ਨਗਰ, ਲੁਧਿਆਣਾ-141001
ਮੋਬਾਇਲ ਨੰ. 96461-13015
ਕਾਰਪੋਰੇਟ ਆਈਡੈਂਟਿਟੀ ਨੰ. U40109PB2010SGC033813,

PSCL

ਈ-ਟੈਂਡਰ ਨੰ. 04/ਟੀ.ਐੱਸ. ਮੰਡਲ, ਲੁਧਿਆਣਾ/2026-27 ਮਿਤੀ : 27.10.2026

ਵਧੀਕ ਨਿਗਰਾਨ ਇੰਜੀਨੀਅਰ/ਟੀ.ਐੱਸ. ਮੰਡਲ, ਲੁਧਿਆਣਾ ਕੁਆਰਟਰ ਨੰ. 20, ਟਾਈਪ-5, ਪਾਵਰ ਕਾਲੋਨੀ-2, ਸਰਾਭਾ ਨਗਰ, ਲੁਧਿਆਣਾ-141001, ਵੱਲੋਂ : ਹੇਠ ਲਿਖੇ ਅਨੁਸਾਰ ਇਕ ਨੰਬਰ ਈ-ਟੈਂਡਰ ਕਾਲ ਕੀਤਾ ਗਿਆ ਹੈ :

ਮੁਹਬਨ ਇਨਕਲੇਵ ਵੈੱਲਫੇਅਰ ਸੁਸਾਇਟੀ, ਲੁਧਿਆਣਾ ਦੀ ਪ੍ਰਤੀਬੇਨਤੀ 'ਤੇ 66 ਕੇਵੀ ਆਈਸਲ ਫਿਰੋਜ਼ਪੁਰ ਰੋਡ ਤੋਂ ਅੱਡਾ ਦਾਖਾ ਲਾਈਨ ਨੂੰ ਸ਼ਿਫਟ ਕਰਨ ਲਈ 60 ਕੇ.ਵੀ. ਟਾਵਰ ਦੀ ਉਸਾਰੀ ਕਰਨ ਹਿਤ ਟੈਂਡਰ।

ਵਿਸਥਾਰਪੂਰਵਕ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਸ਼ਨ https://eproc.punjab.gov.in 'ਤੇ ਮਿਤੀ 29.10.2026 ਨੂੰ ਸ਼ਾਮ 5.00 ਵਜੇ ਤੋਂ ਬਾਅਦ ਵੇਖੇ ਜਾ ਸਕਦੇ ਹਨ।

ਨੋਟ : ਸੋਧ ਸੰਬੰਧੀ ਵੇਰਵੇ https://eproc.punjab.gov.in ਵੈੱਬਸਾਈਟ 'ਤੇ ਵੇਖੇ ਜਾ ਸਕਦੇ ਹਨ।

C/1020/26 PR/1079/12/2026-27/16577

ਬਿਜਲੀ ਇਕ ਕੀਮਤੀ ਸਰਮਾਇਆ ਹੈ, ਇਸ ਦੀ ਲੋੜ ਅਨੁਸਾਰ ਵਰਤੋਂ ਕੀਤੀ ਜਾਵੇ।

Punjab State Power Corporation Limited (PSPCL)
Office of Addl. S.E./DS, Suburban Division, Kapurthala.
Email: xen-ds-kapurthala-sub@pspcl.in, Phone: 9646118018
Regd. Office: PSEB Head Office, The Mall Patiala- 147001
Website: www.pspcl.in

ਟੈਂਡਰ ਇਨਕੁਆਰੀ ਨੰ : 02/SU-KPT/2026-27 ਮਿਤੀ :28.10.2026

ਵਧੀਕ ਨਿਗਰਾਨ ਇੰਜੀਨੀਅਰ/ਵੰਡ, ਸਬ-ਅਰਬਨ ਮੰਡਲ, ਪੀ. ਐੱਸ. ਪੀ. ਸੀ. ਐੱਲ. ਕਪੂਰਥਲਾ ਵੱਲੋਂ ਸਾਲ 2026-27 ਲਈ ਸਹਾਇਕ ਕਾਰਜਕਾਰੀ ਇੰਜੀਨੀਅਰ/ਵੰਡ, ਸ/ਡ ਨਡਾਲਾ ਅਧੀਨ ਸਬ-ਅਰਬਨ ਮੰਡਲ ਕਪੂਰਥਲਾ ਲਈ ਬਾਹਰੀ ਸੋਮਿਆਂ ਰਾਹੀਂ 01 ਨੰ. ਸਿੰਗਲ ਕੈਬ/ਡਬਲ ਕੈਬ Mahindra Genius/ Bolero/ Tata 207/408 ਜਾਂ ਇਸ ਦੇ ਬਰਾਬਰ ਦੀ ਗੱਡੀ ਡਰਾਈਵਰ ਸਮੇਤ ਕਿਰਾਏ 'ਤੇ ਲੈਣ ਸਬੰਧੀ ਠੇਕੇਦਾਰਾਂ ਅਤੇ ਫਰਮਾਂ ਤੋਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਵਿਸਥਾਰਪੂਰਵਕ ਡੀ. ਐੱਨ. ਆਈ. ਟੀ. (DNIT) ਅਤੇ ਟੈਂਡਰ ਸਪੈਸੀਫਿਕੇਸ਼ਨ ਦਫਤਰ ਵਧੀਕ ਨਿਗਰਾਨ ਇੰਜੀਨੀਅਰ/ਵੰਡ, ਸਬ-ਅਰਬਨ ਮੰਡਲ, ਪੀ. ਐੱਸ. ਪੀ. ਸੀ. ਐੱਲ. ਕਪੂਰਥਲਾ ਤੋਂ ਮਿਤੀ 28.10.2026 ਦੁਪਹਿਰ 12:00 ਵਜੇ ਤੋਂ ਬਾਅਦ ਪ੍ਰਾਪਤ ਕੀਤੇ ਜਾ ਸਕਦੇ ਹਨ। ਟੈਂਡਰ ਫਾਰਮ ਵੇਚਣ ਦੀ ਅਖਰੀ ਮਿਤੀ ਅਤੇ ਸਮਾਂ :12.11.2026 ਦੁਪਹਿਰ 01.00 ਵਜੇ ਤੱਕ ਟੈਂਡਰ ਦਸਤਾਵੇਜ਼ ਜਮ੍ਹਾ ਕਰਵਾਉਣ ਦੀ ਆਖਰੀ ਮਿਤੀ ਅਤੇ ਸਮਾਂ 12.11.2026 ਦੁਪਹਿਰ 01.00 ਵਜੇ ਤੱਕ ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ :12.11.2026 ਦੁਪਹਿਰ 03:00 ਵਜੇ

ਨੋਟ :ਕਿਸੇ ਵੀ ਪ੍ਰਕਾਰ ਦੀ ਸੋਧ (corrigendum/ Addendum) ਸਿਰਫ ਨਿਗਮ ਦੀ ਵੈੱਬਸਾਈਟ https://pspcl.in 'ਤੇ ਹੀ ਪ੍ਰਕਾਸ਼ਿਤ ਕੀਤੀ ਜਾਵੇਗੀ।

C1021/26 PR/1079/12/2026-27/16580

ਬਿਜਲੀ ਇਕ ਕੀਮਤੀ ਸਰਮਾਇਆ ਹੈ, ਇਸ ਦੀ ਲੋੜ ਅਨੁਸਾਰ ਵਰਤੋਂ ਕੀਤੀ ਜਾਵੇ।

ਸੈਂਟਰਲ ਬੈਂਕ ਆਫ਼ ਇੰਡੀਆ
Central Bank of India
ਖੇਤਰੀ ਦਫ਼ਤਰ: ਐੱਸ.ਸੀ.ਓ. 30-31, ਤੀਜੀ ਮੰਜ਼ਿਲ, ਗੁਰੂ ਰਾਮ ਦਾਸ ਭਿਵਾਈਨ ਟਾਵਰ, ਪੁੱਡਾ ਕੰਪਲੈਕਸ, ਜਲੰਧਰ 144001
1911 ਤੋਂ ਤੁਹਾਡੇ ਲਈ "ਸੈਂਟਰਲ" "CENTRAL" TO YOU SINCE 1911

ਲੀਜ਼ 'ਤੇ ਇਮਾਰਤ/ਪਰਿਸਰ ਲਈ ਟੈਂਡਰ ਦੀ ਮੰਗ

ਸੈਂਟਰਲ ਬੈਂਕ ਆਫ਼ ਇੰਡੀਆ ਨੂੰ ਕੋਟਕਪੂਰਾ ਵਿਚ ਸ਼ਾਖਾ (ਬ੍ਰਾਂਚ) ਲਈ ਢੁਕਵੀਂ ਪਾਰਕਿੰਗ ਜਗ੍ਹਾ ਸਮੇਤ 900-1300 ਵਰਗ ਫੁੱਟ ਕਾਰਪੇਟ ਏਰੀਆ ਵਾਲੀ, ਖਾਸ ਕਰਕੇ ਜ਼ਮੀਨੀ ਮੰਜ਼ਿਲ (ਗਰਾਊਂਡ ਫਲੋਰ) 'ਤੇ ਸਥਿਤ ਅਜਿਹੀ ਇਮਾਰਤ ਦੀ ਲੋੜ ਹੈ ਜੋ ਕਬਜ਼ੇ ਲਈ ਤਿਆਰ ਹੋਵੇ ਜਾਂ ਜਿਸ ਦਾ ਕਬਜ਼ਾ 3 ਮਹੀਨਿਆਂ ਦੇ ਅੰਦਰ-ਅੰਦਰ ਮਿਲ ਸਕੇ। ਦਲਾਲਾਂ ਜਾਂ ਵਿਚੋਲਿਆਂ ਵੱਲੋਂ ਭੇਜੀਆਂ ਗਈਆਂ ਤਜਵੀਜ਼ਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਸਰਕਾਰੀ/ਅਰਧ-ਸਰਕਾਰੀ ਅਦਾਰਿਆਂ ਜਾਂ ਪਬਲਿਕ ਸੈਕਟਰ ਦੇ ਉਪਕਰਮਾਂ ਤੋਂ ਪ੍ਰਾਪਤ ਤਜਵੀਜ਼ਾਂ ਨੂੰ ਪਹਿਲ ਦਿੱਤੀ ਜਾਵੇਗੀ। ਇਸ ਸਬੰਧ ਵਿਚ ਫਾਰਮੈਟ/ਨਿਯਮ ਅਤੇ ਸ਼ਰਤਾਂ ਸਾਡੀ ਵੈੱਬਸਾਈਟ https://www.centralbankofindia.bank.in ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ ਜਾਂ ਐੱਸ.ਸੀ.ਓ. 30-31, ਤੀਜੀ ਮੰਜ਼ਿਲ, ਗੁਰੂ ਰਾਮ ਦਾਸ ਭਿਵਾਈਨ ਟਾਵਰ, ਪੁੱਡਾ ਕੰਪਲੈਕਸ, ਜਲੰਧਰ - 144001 ਵਿਖੇ ਸਥਿਤ ਖੇਤਰੀ ਦਫ਼ਤਰ ਤੋਂ ਦਫ਼ਤਰੀ ਸਮੇਂ ਦੌਰਾਨ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਤਜਵੀਜ਼ਾਂ (ਬਿਡ) ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 18.11.2026 ਨੂੰ ਸ਼ਾਮ 5.00 ਵਜੇ ਤੱਕ ਹੈ।

ਖੇਤਰੀ ਮੁਖੀ
ਵਾਸਤੇ ਸੈਂਟਰਲ ਬੈਂਕ ਆਫ਼ ਇੰਡੀਆ
ਖੇਤਰੀ ਦਫ਼ਤਰ, ਜਲੰਧਰ

ਪੰਜਾਬ ਸਰਕਾਰ

ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ
ਪੁੱਡਾ ਭਵਨ, ਸੈਕਟਰ-62, ਐੱਸ. ਏ. ਐੱਸ. ਨਗਰ

GMADA

ਟੈਂਡਰ ਨੋਟਿਸ ਨੰ. 1856-59, ਮਿਤੀ 28.10.2026

ਡਵੀਜ਼ਨਲ ਇੰਜੀਨੀਅਰ (ਇਲੈਕਟ.), ਗਮਾਡਾ, ਐੱਸ. ਏ. ਐੱਸ. ਨਗਰ ਵੱਲੋਂ ਐੱਸ. ਏ. ਐੱਸ. ਨਗਰ ਵਿਖੇ ਸੈਕਟਰ 85-86-88-89 ਦੀਆਂ ਕਮਰਸ਼ੀਅਲ ਪਾਕੇਟਸ ਨੂੰ ਕਲੀਅਰ ਕਰਨ ਲਈ ਮੌਜੂਦਾ ਐੱਚ. ਟੀ./ਐੱਲ. ਟੀ. ਲਾਈਨਾਂ ਦੀ ਸ਼ਿਫਟਿੰਗ ਅਤੇ ਕੇਬਲਾਂ ਦੀ ਰਿਰੂਟਿੰਗ ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੱਤਾ ਜਾਂਦਾ ਹੈ।

ਬੰਦ ਹੋਣ ਦੀ ਮਿਤੀ ਤੇ ਸਮਾਂ : 09.11.2026 ਦੁਪਹਿਰ 12 ਵਜੇ

ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : https://eproc.punjab.gov.in

ਨੋਟ : ਟੈਂਡਰ ਨੋਟਿਸ ਸੰਬੰਧੀ ਕੋਈ ਵੀ ਸੋਧ (ਜੇ) ਸਿਰਫ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।

PR/1324/12/2026-27/16604

ਦਫਤਰ ਨਗਰ ਸੁਧਾਰ ਟਰੱਸਟ, ਸੰਗਰੂਰ

ਈ-ਨਿਲਾਮੀ

ਸੰਗਰੂਰ ਨਗਰ ਸੁਧਾਰ ਟਰੱਸਟ ਸੰਗਰੂਰ ਆਪਣੀਆਂ ਟਰੱਸਟ ਦੀਆਂ ਵੱਖ-ਵੱਖ ਸਕੀਮਾਂ ਵਿਚ ਰਿਹਾਇਸ਼ੀ/ਵਪਾਰਕ ਜਾਇਦਾਦਾਂ ਦੀ ਈ-ਆਕਸ਼ਨ ਪ੍ਰਣਾਲੀ ਰਾਹੀਂ ਹੇਠ ਲਿਖੀਆਂ ਜਾਇਦਾਦਾਂ ਦੀ ਬੋਲੀ ਦੀ ਪੇਸ਼ਕਸ਼ ਕਰਦਾ ਹੈ :-

ਬਿਡਰ ਲਈ ਰਜਿਸਟਰੇਸ਼ਨ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ	12.10.2026 ਸਵੇਰੇ 9.00 ਵਜੇ ਤੋਂ
ਬਿਡਰ ਲਈ ਰਜਿਸਟਰੇਸ਼ਨ ਬੰਦ ਹੋਣ ਦੀ ਮਿਤੀ ਅਤੇ ਸਮਾਂ	02.11.2026 ਸ਼ਾਮ 5.00 ਵਜੇ ਤੱਕ
ਆਨਲਾਈਨ ਬਿਡ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ	04.11.2026 ਸਵੇਰੇ 9.00 ਵਜੇ ਤੋਂ
ਆਨਲਾਈਨ ਬਿਡ ਖਤਮ ਹੋਣ ਦੀ ਮਿਤੀ ਅਤੇ ਸਮਾਂ	06.11.2026 ਸ਼ਾਮ 5.00 ਵਜੇ ਤੱਕ
ਈ ਨਿਲਾਮੀ ਪੋਰਟਲ : www.tenderwizard.com/DLGP	

ਪ੍ਰਾਪਰਟੀ ਦੀ ਡਿਟੇਲ, ਬਿਆਨਾ ਰਕਮ, ਬਾਕੀ ਸ਼ਰਤਾਂ ਅਤੇ ਹੋਰ ਜਾਣਕਾਰੀ https://www.tenderwizard.com/DLGP 'ਤੇ ਉਪਲਬਧ ਹੈ। ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ. G.S.R.86/P.A.8/2020/S.20/Amd.(6)/2025 ਮਿਤੀ18.06.2025 ਰਾਹੀਂ ਹੇਠ ਲਿਖੀਆਂ ਸ਼ਰਤਾਂ ਵਿਚ ਸੋਧ ਕੀਤੀ ਗਈ ਹੈ :

1) ਸਫਲ ਬੋਲੀਕਾਰ ਵੱਲੋਂ ਨਿਲਾਮੀ ਖਤਮ ਹੋਣ ਤੋਂ ਬੋਲੀ ਦੀ ਕੁੱਲ ਕੀਮਤ ਦੇ ¼ ਹਿੱਸੇ ਦੀ ਬਕਾਇਆ ਰਕਮ (ਬਿਆਨਾ ਰਕਮ ਅਡਜਸਟ ਕਰਕੇ) ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 45 ਦਿਨਾਂ ਦੇ ਅੰਦਰ ਅੰਦਰ 4% ਜਨਰਲ ਸੈੱਸ + 2% ਕੈਂਸਰ ਐੱਸ ਕੁੱਲ 6% ਸੈੱਸ ਅਤੇ ਮਿਸਲੇਨੀਅਸ ਚਾਰਜਿਜ਼ ਸਮੇਤ ਜਮ੍ਹਾ ਕਰਵਾਉਣੀ ਹੋਵੇਗੀ।
2) 75% ਬਕਾਇਆ ਰਕਮ 9.5% ਵਿਆਜ ਸਾਲਾਨਾ ਦੀ ਦਰ ਨਾਲ ਤਿੰਨ ਬਰਾਬਰ ਕਿਸ਼ਤਾਂ ਜੋ ਕਿ ਹਰ 45 ਦਿਨ ਬਾਅਦ ਅਦਾਯੋਗ ਹੋਵੇਗੀ। ਜੇਕਰ ਕਿਸ਼ਤ ਸਮੇਂ ਸਿਰ ਜਮ੍ਹਾ ਨਹੀਂ ਕਰਵਾਈ ਜਾਂਦੀ ਹੈ ਤਾਂ ਅਗਲੀਆਂ ਕਿਸ਼ਤਾਂ ਨਾਲ ਜਾਂ ਆਖਰੀ ਕਿਸ਼ਤ ਨਾਲ 3% ਪਨੈਲਟੀ ਨਾਲ ਜਮ੍ਹਾ ਕਰਵਾਈ ਜਾ ਸਕਦੀ ਹੈ।
3) ਜੇਕਰ ਸਾਰੀ ਸੇਲ ਮਨੀ ਦਿੱਤੇ ਸਮੇਂ ਅੰਦਰ ਜਮ੍ਹਾ ਨਹੀਂ ਕਰਵਾਈ ਜਾਂਦੀ ਹੈ ਤਾਂ ਅਲਾਟਮੈਂਟ ਕੈਂਸਲ ਸਮਝੀ ਜਾਵੇਗੀ ਅਤੇ ਜਮ੍ਹਾ ਕਰਵਾਈ ਰਕਮ ਜ਼ਬਤ ਹੋ ਜਾਵੇਗੀ।
4) ਜੇਕਰ ਅਲਾਟੀ ਜਾਂ ਟਰਾਂਸਫਰੀ ਅਲਾਟਮੈਂਟ ਪੱਤਰ ਮੁਤਾਬਿਕ ਬਣਦੀ ਰਕਮ ਜਮ੍ਹਾ ਕਰਵਾਉਣ ਵਿਚ ਫੇਲ ਹੋ ਜਾਂਦਾ ਹੈ ਜਾਂ ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਟਰੱਸਟ ਪ੍ਰਾਪਰਟੀ ਰਿਜ਼ਿਊਮ ਕਰ ਸਕਦਾ ਹੈ ਅਤੇ ਜਮ੍ਹਾ ਕਰਵਾਈ ਰਕਮ ਜ਼ਬਤ ਕਰ ਸਕਦਾ ਹੈ।
5) ਖਰੀਦ ਕੀਤੀ ਗਈ ਪ੍ਰਾਪਰਟੀ ਦੀ 75% ਬਕਾਇਆ ਰਕਮ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 45 ਦਿਨਾਂ ਦੇ ਅੰਦਰ ਅੰਦਰ ਯਕਮੁਸ਼ਤ ਜਮ੍ਹਾ ਕਰਵਾਉਣ ਦੀ ਸੂਰਤ ਵਿਚ ਬਕਾਇਆ 75% ਰਕਮ 'ਤੇ 5% ਛੋਟ ਦਿੱਤੀ ਜਾਵੇਗੀ। ਜੇਕਰ ਕੋਈ ਕੋਰੀਜੰਡਮ ਹੋਇਆ ਤਾਂ ਉਹ ਵੀ https://www.tenderwizard.com/DLGP 'ਤੇ ਦੇਖਿਆ ਜਾ ਸਕਦਾ ਹੈ।

ਕਾਰਜ ਸਾਧਕ ਅਫਸਰ,
ਨਗਰ ਸੁਧਾਰ ਟਰੱਸਟ, ਸੰਗਰੂਰ।

PR/1231/12/2026-27/16587

ਬੈਂਕ ਆਫ ਬੜੌਦਾ Bank of Baroda

ਰੇਜਨ : ਜਲੰਧਰ ਰੀਜਨਲ ਆਫਿਸ, ਵਿਜੇ ਨਗਰ, ਫੁੱਟਬਾਲ ਚੌਕ, ਜਲੰਧਰ-144001
ਮੋਬਾਇਲ : 82880-21633, ਈ-ਮੇਲ : SARJAL@bankofbaroda.bank.in

ਈ-ਨਿਲਾਮੀ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ [ਅਚੱਲ ਲਈ ਰੂਲ 6(2) ਨਾਲ ਅਪੈਂਡਿਕਸ-II-A]

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6(2) ਤੇ 8(6) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ), ਮਾਰਟਗੇਜ਼ਰ (ਾਂ) ਅਤੇ ਗਾਰੰਟਰ (ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜ਼/ਚਾਰਜ ਹੇਠਾਂ ਦੱਸੀ ਅਚੱਲ ਜਾਇਦਾਦ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਲੈ ਲਿਆ ਗਿਆ ਹੈ, ਦੀ ਵਿਕਰੀ ਹੇਠਾਂ ਦੱਸੇ ਖਾਤੇ/ਖਾਤਿਆਂ ਦੇ ਬਕਾਇਆਂ ਦੀ ਵਸੂਲੀ ਲਈ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਕਰ ਦਿੱਤੀ ਜਾਵੇਗੀ। ਕਰਜ਼ਦਾਰ (ਾਂ)/ਮਾਰਟਗੇਜ਼ਰ(ਾਂ)/ਗਾਰੰਟਰ(ਾਂ)/ਸਕਿਓਰਡ ਅਸਾਸੇ/ਅਸਾਸਿਆਂ/ਬਕਾਇਆ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਤੇ ਸਮਾਂ, ਈ. ਐੱਮ. ਡੀ. ਤੇ ਵਧੀ ਹੋਈ ਬੋਲੀ ਰਕਮ ਬਾਰੇ ਹੇਠਾਂ ਵਰਣਨ ਕੀਤਾ ਗਿਆ ਹੈ-

ਕਰਜ਼ਦਾਰ (ਾਂ)/ਗਾਰੰਟਰ (ਾਂ)/ਮਾਰਟਗੇਜ਼ਰ (ਾਂ) ਦਾ ਨਾਂ ਤੇ ਪਤਾ	ਜਾਣਕਾਰੀ ਵਾਲੇ ਭਾਰਾਂ (ਜੇ ਕੋਈ ਹੋਣ) ਸਮੇਤ ਅਚੱਲ ਜਾਇਦਾਦ ਦਾ ਵੇਰਵਾ	ਕੁੱਲ ਬਕਾਏ	ਰਾਖਵੀਂ ਕੀਮਤ / ਈ.ਐੱਮ.ਡੀ. / ਬੋਲੀ ਵਾਧਾ ਰਕਮ / ਕੋਈ ਵੀ ਭੁਗਤਾਨ ਦੀ ਕੀਮਤ	ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ	ਕਬਜ਼ੇ ਦੀ ਸਥਿਤੀ / ਜਾਂਚ ਦੀ ਮਿਤੀ
(1) ਮੈਸਰਜ਼ ਮਨਜੀਤ ਟਰੇਡਿੰਗ ਕੰਪਨੀ, ਪਿੰਡ ਨੰਗਲ ਖੇੜਾ, ਫਗਵਾੜਾ, ਜ਼ਿਲਾ ਕਪੂਰਥਲਾ, (2) ਸ੍ਰੀ ਮੱਖਣ ਸਿੰਘ, ਪਿੰਡ ਨੰਗਲ ਖੇੜਾ, ਫਗਵਾੜਾ, ਜ਼ਿਲਾ ਕਪੂਰਥਲਾ, (3) ਸ੍ਰੀਮਤੀ ਪਰਵੀਨ ਕੌਰ ਪਤਨੀ ਸ੍ਰੀ ਮੱਖਣ ਸਿੰਘ, ਧਿਆਨ ਕਾਲੋਨੀ, ਫਗਵਾੜਾ, ਜ਼ਿਲਾ ਕਪੂਰਥਲਾ।	7 ਮਰਲੇ (1 ਮਰਲਾ-272 ਵਰਗ ਫੁੱਟ) ਦੀ ਪੈਮਾਇਸ਼ ਵਾਲਾ ਰਿਹਾਇਸ਼ੀ ਮਕਾਨ, ਜੋ ਧਿਆਨ ਕਾਲੋਨੀ, ਫਗਵਾੜਾ, ਜ਼ਿਲਾ ਕਪੂਰਥਲਾ ਵਿਖੇ ਸਥਿਤ ਹੈ। ਜਿਸ ਦਾ ਖਸਰਾ ਨੰ. 5//23/1/3-14, 23/2/3-16, ਕਿੱਤਾ 2, ਖਾਤਾ ਨੰ. 142/190, ਜਮ੍ਹਾਂਬੰਦੀ ਸਾਲ 2004-2005, ਹੱਦਬਸਤ ਨੰ. 101 ਹੈ। ਇਹ ਜਾਇਦਾਦ ਸੇਲ ਡੀਡ ਨੰ. 2462 ਮਿਤੀ 19.09.2006 ਰਾਹੀਂ ਪਰਵੀਨ ਕੌਰ ਪਤਨੀ ਮੱਖਣ ਸਿੰਘ ਦੇ ਨਾਂ 'ਤੇ ਰਜਿਸਟਰਡ ਹੈ।	94,42,063 ਰੁਪਏ 11.07.2013 ਨੂੰ ਜਮ੍ਹਾ ਲਾਗੂ ਨਾ ਹੋਇਆ ਵਿਆਜ ਜਮ੍ਹਾ ਲਾਗਤਾਂ ਅਤੇ ਹੋਰ ਚਾਰਜਿਜ਼ ਭੁਗਤਾਨ ਦੀ ਮਿਤੀ ਤਕ।	15,18,350 ਰੁਪਏ / 1,51,335 ਰੁਪਏ / 5,000 ਰੁਪਏ / 15,18,350 ਰੁਪਏ	16.11.2026 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ ਤਕ ਜਲੰਧਰ ਵਿਖੇ	ਭੌਤਿਕ ਕਬਜ਼ਾ / (ਸਿਰਫ ਅਪੁਆਇੰਟਮੈਂਟ 'ਤੇ)

ਨਿਯਮ ਤੇ ਸ਼ਰਤਾਂ :(1) ਜਾਇਦਾਦ ਭੌਤਿਕ ਕਬਜ਼ੇ ਵਿਚ ਹੈ ਅਤੇ ਬੋਲੀਕਾਰ ਆਪਣੇ ਖੁਦ ਦੇ ਜੋਖਿਮ ਤੇ ਜ਼ਿੰਮੇਵਾਰੀ 'ਤੇ ਭੌਤਿਕ ਕਬਜ਼ੇ ਹੇਠ ਜਾਇਦਾਦ ਖਰੀਦ ਰਿਹਾ ਹੈ।(2) ਬੈਂਕ ਜਾਇਦਾਦ ਦਾ ਕਬਜ਼ਾ ਸਿਰਫ ਭੌਤਿਕ ਤੌਰ 'ਤੇ ਹੀ ਸਫਲ ਨਿਲਾਮੀ ਬੋਲੀਕਾਰ ਨੂੰ ਸੌਂਪੇਗਾ।(3) ਸਫਲ ਨਿਲਾਮੀ ਖਰੀਦਦਾਰ ਪੈਸੇ ਵਾਪਸੀ ਦੇ ਕਿਸੇ ਵੀ ਮਾਮਲੇ ਵਿਚ ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ।(4) ਸਫਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਤੇ ਸ਼ਰਤਾਂ ਦੀ ਪੁਸ਼ਟੀ ਕਰਦਿਆਂ ਐਲਾਨਨਾਮਾ ਤੇ ਵਚਨਬੱਧਤਾ ਜਮ੍ਹਾ ਕਰਨੀ ਪਵੇਗੀ।(5) ਵਿਕਰੀ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਐਲਾਨਨਾਮਾ ਤੇ ਵਚਨਬੱਧਤਾ ਜਮ੍ਹਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਬੋਲੀ ਦੀ ਈ. ਐੱਮ. ਡੀ. ਦੀ ਰਕਮ ਜ਼ਬਤ ਕਰ ਲਈ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ ਵੈੱਬਸਾਈਟ ਲਿੰਕ https://www.bankofbaroda.bank.in/e-auction.htm ਅਤੇ ਆਨਲਾਈਨ ਨਿਲਾਮੀ ਪੋਰਟਲ https://Baanknet.com ਵੇਖੋ। ਇਸ ਤੋਂ ਇਲਾਵਾ ਚਾਹਵਾਨ ਬੋਲੀਕਾਰ ਅਧਿਕਾਰਤ ਅਫਸਰ ਸ਼੍ਰੀਮਤੀ ਗਿਰਿਜਾ ਸ਼ੈਰਵਾ ਨਾਲ ਮੋਬਾਇਲ ਨੰ. 82880-21633 'ਤੇ ਵੀ ਸੰਪਰਕ ਕਰ ਸਕਦੇ ਹਨ।

ਇਸ ਨੂੰ ਸਰਫੇਸੀ ਐਕਟ 2002 ਤਹਿਤ 15 ਦਿਨਾ ਵਿਧਾਨਕ ਵਿਕਰੀ ਨੋਟਿਸ ਸਮਝਿਆ ਜਾਵੇ।

ਮਿਤੀ : 29.10.2026 ਸਥਾਨ : ਜਲੰਧਰ ਅਧਿਕਾਰਤ ਅਫਸਰ (ਬੈਂਕ ਆਫ ਬੜੌਦਾ)